International Journal of Multidisciplinary Research and Development

IJMRD 2014; 1(1): 97-98
www.allsubjectjournal.com
Received: 20-04-2014
Accepted: 24-05-2014
ISSN: 2349-4182

**Shardev Singh Gill**
Principal Malwa College
Goneana Road, Bathinda – Punjab, India.

**Correspondence:**
**Shardev Singh Gill**
Principal Malwa College
Goneana Road, Bathinda – Punjab, India.

# ਗੁਰਮੁੱਖੀ ਲਿਪੀ-ਜਨਮ ਵਿਕਾਸ ਤੇ ਪੰਜਾਬੀ ਲਈ ਅਨੁਕੂਲਤਾ

**Shardev Singh Gill**

ਮਨੁੱਖ ਨੇ ਸੱਭਿਸਅਤਾ, ਧਰਮ, ਨੈਤਿਕਤਾ, ਗਿਆਨ, ਵਿਗਿਆਨ ਤੇ ਭਾਸ਼ਾ ਦੇ ਨਾਲ-ਨਾਲ ਲਿੱਪੀ ਨੂੰ ਵੀ ਆਪਣੀਆਂ ਲੋੜਾਂ ਅਨੁਸਾਰ ਜਨਮ ਦਿੱਤਾ। ਲਿੱਪੀ ਦਾ ਮੂਲ ਉਦੇਸ਼ ਭਾਵਾਂ ਨੂੰ ਲਿਖਤ ਰੂਪ ਵਿੱਚ ਪ੍ਰਗਟ ਕਰਨਾ ਤੇ ਉਹਨਾਂ ਨੂੰ ਸਾਂਭ ਕੇ ਰੱਖਣਾ ਹੈ। ਕਾਫੀ ਸਮੇਂ ਤੱਕ ਲਿੱਪੀ ਦੀ ਉਤਪਤੀ ਨੂੰ ਬ੍ਰਹਮਾਂ ਦੇ ਨਾਲ ਜੋੜਿਆ ਜਾਂਦਾ ਰਿਹਾ ਹੈ। ਹੁਣ ਇਹ ਵਿਚਾਰ ਨਿਰਅਧਾਰ ਸਿੱਧ ਹੋ ਚੁੱਕੇ ਹਨ। ਲਿੱਪੀ ਦੀ ਉਤਪਤੀ ਵਿਕਾਸਵਾਦ ਦੇ ਸਿਧਾਂਤ ਨਾਲ ਸਮਝੀ ਜਾ ਸਕਦੀ ਹੈ। ਇਸਦੇ ਵਿਕਾਸ ਦੀ ਕਹਾਣੀ, ਮਨੁੱਖ ਜਿੰਨੀ ਹੀ ਪੁਰਾਣੀ ਹੈ। ਜਦੋਂ ਮਨੁੱਖ ਨੇ ਬੋਲਣਾ ਸਿੱਖਿਆ ਅਤੇ ਗਿਓਨ ਵਿਗਿਆਨ ਦੀਆਂ ਗੱਲਾਂ ਸੋਚੀਆਂ ਅਤੇ ਨਾਲ ਹੀ ਉਨ੍ਹਾਂ ਨੂੰ ਸਾਂਭਣ ਲਈ ਲਿੱਪੀ ਦੀ ਕਾਢ ਵੀ ਕੱਢੀ। ਇਹਨਾਂ ਲਿੱਪੀਆਂ ਦੇ ਆਦਿ ਨਮੂਨੇ ਤਾਂ ਨਹੀਂ ਮਿਲਦੇ ਪਰ ਵਿਦਵਾਨਾਂ ਨੇ ਕੁਝ ਅਜਿਹੇ ਪ੍ਰਮਾਣ ਲੱਭ ਲਏ ਹਨ ਜਿਹਨਾਂ ਤੋਂ ਹੇਠ ਲਿਖੇ ਤਿੰਨ ਸਿਧਾਂਤਾਂ ਦਾ ਗਿਆਨ ਹੁੰਦਾ ਹੈ:-

### 1. ਸੂਤਰ ਜਾਂ ਗੰਢ ਲਿੱਪੀ

ਇਸ ਲਿੱਪੀ ਦੇ ਨਮੂਨੇ ਪੀਰੂ ਤੋਂ ਪ੍ਰਾਪਤ ਹੋਏ ਹਨ। ਇਸ ਵਿੱਚ ਰੰਗ ਬਰੰਗੇ ਧਾਗਿਆਂ, ਰੱਸੀਆਂ, ਗੱਢਾਂ ਆਦਿ ਦੇ ਸੰਕੇਤ ਹਨ। ਪ੍ਰਾਪਤ ਨਮੂਨਿਆਂ ਤੋਂ ਪਤਾ ਲੱਗਦਾ ਹੈ ਕਿ ਇਹ ਲਿਖਤ ਹੇਠ ਲਿਖੇ ਢੰਗਾਂ ਤੇ ਆਧਾਰਿਤ ਸੀ:-

1. ਰੱਸੀ ਨਾਲ ਰੰਗ ਬਰੰਗੇ ਧਾਗੇ ਬੰਨ੍ਹ ਕੇ।
2. ਰੱਸੀ ਨੂੰ ਕਈ ਤਰ੍ਹਾਂ ਦੇ ਰੰਗਾਂ ਵਿੱਚ ਰੰਗ ਕੇ।
3. ਰੱਸੀ ਨਾਲ ਵੱਖ-ਵੱਖ ਰੰਗਾਂ ਦੇ ਮਣਕੇ ਆਦਿ ਬੰਨ੍ਹ ਕੇ।
4. ਰੱਸੀ ਨਾਲ ਵੱਖ-ਵੱਖ ਲੰਬਾਈ ਦੇ ਰੰਗ ਬਰੰਗੇ ਧਾਗੇ ਬੰਨ੍ਹ ਕੇ।
5. ਅਨੇਕ ਪ੍ਰਕਾਰ ਦੀਆਂ ਗੰਢਾਂ ਮਾਰ ਕੇ ਅਤੇ ਇਹਨਾਂ ਗੰਢਾਂ ਵਿਚਲੀ ਦੂਰੀ ਨੂੰ ਘੱਟ ਵੱਧ ਰੱਖ ਕੇ।

ਜੇ ਇਸ ਤਰ੍ਹਾਂ ਦੀ ਲਿੱਪੀ ਨੂੰ ਵਿਗਿਆਨਕ ਢੰਗ ਨਾਲ ਪਰਖਿਆ ਜਾਵੇ ਤਾਂ ਪਤਾ ਲੱਗਦਾ ਹੈਕਿ ਇਸ ਨੂੰ ਲਿੱਪੀ ਨਹੀਂ ਕਿਹਾ ਜਾ ਸਕਦਾ ਤੇ ਨਾ ਹੀ ਇਹ ਲਿੱਪੀ ਦਾ ਮੂਲ ਆਧਾਰ ਬਣ ਸਕਦੀ ਹੈ ਕਿਉਂਕਿ ਲਿੱਪੀ ਦੀ ਮੁਢਲੀ ਸ਼ਰਤ ਲਿਖਤ ਹੈ। ਇਹੀ ਕਾਰਨ ਹੈ ਕਿ ਇਹ ਆਪਣੇ ਮੁੱਢਲੇ ਰੂਪ ਵਿੱਚ ਹੀ ਮਰ ਮਿੱਟ ਗਈ।

### 2. ਪ੍ਰਤੀਕਆਤਮਕ ਲਿੱਪੀ

ਇਸ ਲਿੱਪੀ ਦਾ ਰਿਵਾਜ਼ ਮੁੱਢਲੇ ਕਬੀਲਿਆਂ ਵਿੱਚ ਮਿਲਦਾ ਸੀ। ਇਹਨਾਂ ਕਬੀਲਿਆਂ ਨੇ ਕੁਝ ਚੀਜ਼ਾਂ ਦੇ ਅਰਥ ਜਾਂ ਭਾਵ ਨਿਸ਼ਚਿਤ ਕਰ ਰੱਖੇ ਸਨ ਅਤੇ ਇਹਨਾਂ ਰਾਹੀਂ ਉਹ ਇੱਕ ਦੂਜੇ ਕਬੀਲੇ ਨੂੰ ਆਪਣੇ ਵਿਚਾਰ ਪ੍ਰਤੀਕ ਰਾਹੀਂ ਪਹੁੰਚਾਏ। ਗੰਢ ਲਿੱਪੀ ਵਾਂਗ ਇਹ ਲਿੱਪੀ ਵੀ ਵਿਕਾਸ ਨਹੀਂ ਕਰ ਸਕੀ ਕਿਉਂਕਿ ਇਸਦਾ ਵੀ ਕੋਈ ਲਿਖਤੀ ਆਧਾਰ ਨਹੀਂ ਸੀ। ਫਿਰ ਵੀ ਇਹ ਲਿੱਪੀ ਦੀ ਵਰਤੋਂ ਹੁਣ ਵੀ ਕਿਸੇ ਨਾ ਕਿਸੇ ਰੂਪ ਵਿੱਚ ਹੁੰਦੀ ਹੈ ਜਿਵੇਂ: ਗੁੜ ਵੰਡਣਾ, ਵਿਆਹ ਦਾ ਸੱਦਾ ਪੱਤਰ ਜਾਂ ਖੁਸ਼ੀ ਦੀ ਖਬਰ ਭੇਜਣਾ ਹੈ। ਖਤ ਤੇ ਹਲਦੀ ਜਾਂ ਕੇਸਰ ਦੇ ਛਿੱਟੇ ਖੁਸ਼ੀ ਦੀ ਘਟਨਾ ਦੇ ਪ੍ਰਤੀਕ ਹਨ। ਖ਼ਤ ਦੇ ਸਿਰੇ ਪਾਟੇ ਹੋਣ ਦਾ ਅਰਥ ਮੌਤ ਨਾਲ ਹੈ ਪਰ ਅਜਿਹਾ ਹੁੰਦਿਆਂ ਹੋਇਆਂ ਵੀ ਇਸਨੂੰ ਅਸੀਂ ਲਿੱਪੀ

ਦਾ ਮੁਢਲਾ ਰੂਪ ਨਹੀਂ ਮੰਨ ਸਕਦੇ।


### 3. ਚਿੱਤਰ ਲਿੱਪੀ

ਲਿੱਪੀਆਂ ਦੇ ਵਿਕਾਸਵਾਦ ਦੇ ਸਿਧਾਂਤ ਵਿੱਚ ਚਿੱਤਰ ਲਿੱਪੀ ਦਾ ਆਧਾਰ ਮਹੱਤਰਵਪੂਰਨ ਹੈ। ਇਸ ਲਿੱਪੀ ਦਾ ਜਨਮ ਪਸ਼ੂ, ਪੰਛੀਆਂ ਅਤੇ ਕੁਦਰਤ ਦੇ ਨਜ਼ਾਰਿਆਂ ਤੋਂ ਆਰੰਭ ਹੋਇਆ। ਮੁੱਢ ਵਿੱਚ ਇਹ ਚਿੱਤਰ ਸਥੂਲ ਵਸਤਾਂ ਲਈ ਵਰਤੇ ਗਏ ਪਰ ਹੌਲੀ-ਹੌਲੀ ਇਹਨਾਂ ਰਾਹੀਂ ਸੂਖਮ ਅਰਥ ਵੀ ਕੱਢੇ ਗਏ। ਚਿੱਤਰਾਂ ਦਾ ਸੰਬੰਧ ਲਿਖਤ ਦੇ ਨਾਲ ਹੋਣ ਦਾ ਕਾਰਣ ਇਹ ਹੌਲੀ-ਹੌਲੀ ਲਿੱਪੀ ਦੇ ਰੂਪ ਵਿੱਚ ਵਿਕਾਸ ਕਰਨ ਲੱਗੇ।

ਇਹ ਲੱਗਭਗ ਈਸਾਂ ਤੋਂ 1200 ਸਾਲ ਪਹਿਲਾਂ ਦਾ ਸਮਾਂ ਹੈ ਜਦੋਂ ਪੰਜਾਬ ਅਤੇ ਸਿੰਧ ਉੱਪਰ ਆਰੀਆ ਜਾਤੀ ਦਾ ਕਬਜ਼ਾ ਹੋ ਗਿਆ ਮੰਨਿਆਂ ਜਾਂਦਾ ਹੈ। ਉਸ ਵੇਲੇ ਕੇਵਲ ਇਹ ਚਿੱਤਰ ਲਿੱਪੀ ਦਾ ਪ੍ਰਯੋਗ ਕੀਤਾ ਜਾਂਦਾ ਹੈ।

ਆਰੀਆ ਰਿਸ਼ੀਆਂ ਨੇ ਪੰਜਾਬ ਵਿੱਚ ਹੀ ਰਿਗਵੇਦ ਦੇ ਮੰਤਰਾਂ ਦਾ ਉਚਾਰਨ ਕੀਤਾ। ਇਸ ਵਿਸ਼ਾਲ ਸਾਹਿਤ ਨੂੰ ਜ਼ੁਬਾਨੀ ਯਾਦ ਰੱਖਣਾ ਮੁਸ਼ਕਿਲ ਸੀ। ਦੂਜਾ ਆਰੀਆ ਲੋਕ ਜਿੱਥੇ ਵਿੱਦਿਅਕ ਪ੍ਰੇਮੀ ਸਨ, ਨਾਲ ਵਪਾਰ ਵੀ ਕਰਦੇ ਸਨ। ਇਸ ਲਈ ਹਿਸਾਬ ਕਿਤਾਬ ਤੇ ਉਚਾਰੇ ਮੰਤਰਾਂ ਨੂੰ ਕਲਮਬੰਦ ਕਰਨਾ ਅਤਿ ਜਰੂਰੀ ਹੋ ਗਿਆ। ਇਸ ਤਰ੍ਹਾਂ ਚਿੱਤਰ ਲਿੱਪੀ ਨੂੰ ਵਿਕਸਤ ਕਰਕੇ ਰਿਸ਼ੀ ਆਰੀਆਂ ਨੇ ਬ੍ਰਹਮੀ ਲਿੱਪੀ ਵਿਕਸਤ ਕੀਤੀ। ਸਦੀਆਂ ਤੱਕ ਵਿਕਾਸ ਕਰਕੇ ਇਹ ਲਿੱਪੀ ਇਸ ਹੱਦ ਤੱਕ ਪਹੁੰਚ ਗਈ ਕਿ ਇਸ ਰਾਹੀਂ ਧੁਨੀਆਂ ਦਾ ਵਿਸ਼ਲੇਸ਼ਨ ਕੀਤਾ ਜਾਣ ਲੱਗਾ। ਇਸ ਤਰ੍ਹਾਂ ਇਹ ਭਾਰਤ ਦੇ ਸਾਰੇ ਪ੍ਰਦੇਸ਼ਾਂ ਤੇ ਇਸ ਤੋਂ ਬਾਹਰ ਵਿਦੇਸ਼ਾਂ ਵਿੱਚ ਵੀ ਫੈਲ ਗਈ। ਇਸ ਤਰ੍ਹਾਂ ਸਮੇਂ ਦੇ ਚੱਕਰਾਂ ਅਤੇ ਯੁਗਗਰਦੀਆਂ ਨੂੰ ਪਾਰ ਕਰਦੀ ਹੋਈ, ਵਿਕਾਸ ਦੇ ਪੜਾਅ ਲੰਘਦੀ, ਇਹ ਤਿੰਨ ਉੱਘੇ ਰੂਪਾਂ ਸ਼ਾਰਦਾ, ਕੁਟਿਲ ਅਤੇ ਨਾਗਰ ਵਿੱਚ ਰੂਪਮਾਨ ਹੋਈ। ਸਰਸਵਤੀ ਨਦੀ ਉੱਪਰ ਵੱਸੇ ਆਰੀਆਂ ਨੇ ਸਰਸਵਤੀ ਨਦੀ ਦੇ ਨਾਮ ਦੀ ਨਿਸ਼ਚਿਤ ਆਪਣੀ ਪ੍ਰਚਲਿਤ ਲਿੱਪੀ ਨੂੰ ਸ਼ਾਰਦਾ ਦਾ ਨਾਂ ਦਿੱਤਾ। ਸਰਸਵਤੀ ਤੇ ਵੱਸੇ ਆਰੀਆਂ ਨੂੰ ਕਿਸੇ ਦੁਸ਼ਮਣ ਤੋਂ ਡਰਦਿਆਂ ਆਪਣਾ ਵਤਨ ਛੱਡਣਾ ਪਿਆ ਤੇ ਉਹ ਕਸ਼ਮੀਰ ਇਲਾਕੇ ਵਿੱਚ ਜਾ ਵਸੇ। ਸ਼ਾਰਦਾ ਸ਼ਕਲ ਭਾਵ ਪੁਰਾਣੀ ਸ਼ਾਰਦਾ ਨਾਗਰੀ ਤੇ ਕੁਟਿਲ ਲਿੱਪੀ ਦੀ ਭੈਣ ਜੋ ਇਹਨਾਂ ਨਾਲ ਮਿਲਦੀ ਜੁਲਦੀ ਸੀ।

ਸਰਸਵਤੀ ਦੇ ਦੂਜੇ ਕੱਢੇ ਤੇ ਨਾਗਰਾ ਦਾ ਵਿਕਸਤ ਰੂਪ ਚਾਲੂ ਸੀ। ਸ਼ਾਰਦਾ ਤੇ ਨਾਗਰ ਲਿੱਪੀ ਲਿਖਣ ਵਾਲੇ ਲੋਕ ਆਪਸ ਵਿੱਚ ਮਿਲਦੇ ਜੁਲਦੇ ਸਨ।




ਇਸ ਸੰਪਰਕ ਦਾ ਇਹ ਸਿੱਟਾ ਨਿੱਕਲਿਆ ਕਿ ਸ਼ਾਰਦਾ ਤੇ ਨਾਗਰੀ ਲਿੱਪੀ ਤੋਂ ਇੱਕ ਨਵੀਂ ਲਿੱਪੀ ਦਾ ਨਿਰਮਾਣ ਹੋਇਆ ਜੋ ਅਰਧ ਨਾਗਰੀ ਨਾਮ ਨਾਲ ਜਾਣੀ ਜਾਣ ਲੱਗੀ। ਕਸ਼ਮੀਰ ਵਿੱਚ ਸਿੱਧਾਂ ਨੇ ਸ਼ਾਰਧਾ ਦਾ ਇੱਕ ਹੋਰ ਰੂਪ ਵਰਤਣਾ ਸ਼ੁਰੂ ਕੀਤਾ ਹੋਇਆ ਸੀ। ਜਿਸਨੂੰ ਸਿੰਧ ਮਾਤਰਿਕਾ ਕਿਹਾ ਜਾਂਦਾ ਸੀ। ਇਸ ਦਾ ਪ੍ਰਯੋਗ ਪੰਜਾਬ ਦੇ ਸਿੱਧ, ਨਾਥ ਅਤੇ ਸੰਤ ਵੀ ਕਰਦੇ ਸਨ।

ਅਲਬਰੂਨੀ (1030 ਈ: ਤੱਕ) ਦਾ ਮਤ ਹੈ ਕਿ ਸ਼ਾਰਦਾ ਤੋਂ ਵਿਕਸਤ ਸਿੰਧ ਮਾਤਰਿਕ ਅਤੇ ਨਾਗਰੀ ਲਿੱਪੀ ਤੋਂ ਵਿਕਸਤ ਲਿੱਪੀ ਦੇ ਸੁਮੇਲ ਦਾ ਸਿੱਟਾ ਅਰਧ ਨਾਗਰੀ ਲਿੱਪੀ ਹੈ, ਜਿਸਦਾ ਪ੍ਰਚਾਰ, ਪ੍ਰਸਾਰ ਦੇ ਪ੍ਰਯੋਗ ਭੱਟੀ ਦੇਸ਼ ਤੇ ਸਿੰਧ ਵਿੱਚ ਹੁੰਦਾ ਸੀ। ਮਾਲਵੇ ਦਾ ਸਾਰਾ ਇਲਾਕਾ ਲੁਧਿਆਣਾ, ਪਟਿਆਲਾ, ਜੀਂਦ, ਨਾਭਾ ਤੇ ਫਿਰੋਜ਼ਪੁਰ ਆਦਿ ਕਿਸੇ ਵੇਲੇ ਭੱਟੀ ਦੇਸ਼ ਦੇ ਨਾਂ ਨਾਲ ਜਾਣੇ ਜਾਂਦੇ ਸਨ। ਸ੍ਰੀ ਗੁਰੂ ਨਾਨਕ ਦੇਵਜੀ ਦੇ ਸਮੇਂ ਤੱਕ ਅਰਧ ਨਾਗਰੀ ਵਿਕਾਸ ਦੀਆਂ ਮੰਜ਼ਿਲਾਂ ਲੰਘਦੀ 35 ਧੁਨੀਆਂ ਦਾ ਸਮੂਹ ਬਣ ਗਈ ਸੀ। ਪੱਟੀ ਨਾਮੀ ਬਾਣੀ ਦਾ ਆਧਾਰ ਅਰਧ ਨਾਗਰੀ ਲਿੱਪੀ ਦੇ ਇੱਕ-ਇੱਕ ਅੱਖਰ ਨੂੰ ਬਣਾਇਆ ਗਿਆ। ਪੁਰਾਣੀਆਂ ਲਿਖਤਾਂ ਤੋਂ ਪਤਾ ਲੱਗਦਾ ਹੈ ਕਿ ਗੁਰੂ ਨਾਨਕ ਦੇਵ ਜੀ ਤੋਂ ਪਹਿਲਾਂ ਦੇਵਨਾਗਰੀ ਦੇ ਅੱਖਰਾਂ ਦਾ ਉਚਾਰਨ, ਮ, ਣ, ਟ, ਆਦਿ ਅਜੋਕੇ ਲ, ੳ, ਗ, ਜ ਆਦਿ ਦੀ ਥਾਂ ਕੀਤਾ ਜਾਂਦਾ ਸੀ। ਸ੍ਰੀ ਗੁਰੂ ਨਾਨਕ ਦੇਵ ਜੀ ਨੇ ਇਸ ਮੁਸ਼ਕਿਲ ਨੂੰ ਹੱਲ ਕਰਨ ਲਈ ਅਰਧ ਨਾਗਰੀ ਦੀਆਂ 35 ਧੁਨੀਆ ਨੂੰ ਹੁਣ ਵਾਲੀ ਸ਼ਕਲ ਪ੍ਰਦਾਨ ਕੀਤੀ।

ਇਹ ੳ ਤੋਂ ੜ ਪਿੱਛੋਂ ਫਾਰਸੀ ਅਰਬੀ ਸ਼ਬਦਾਂ ਦੀ ਪੰਜਾਬੀ ਵਿੱਚ ਵਰਤੋਂ ਕਰਨ ਤੇ ਠੀਕ ਉਚਾਰਨ ਲਈ ਪੰਜ ਹੋਰ ਅੱਖਰਾਂ ਦਾ ਵਾਧਾ ਕੀਤਾ ਗਿਆ ਜੋ ਇਸ ਪ੍ਰਕਾਰ ਹਨ ਸ਼, ਖ, ਗ, ਫ਼। ਇਸ ਤੋਂ ਬਿਨਾਂ ਲ਼ ਪਾ ਕੇ ਇਸ ਦੇ ਅੱਖਰਾਂ ਦੀ ਗਿਣਤੀ ਮੌਜੂਦਾ 41 ਕਰ ਦਿੱਤੀ ਗਈ ਹੈ। ਇਸ ਤਰ੍ਹਾਂ ਗੁਰੂਆਂ ਨੇ ਗੁਰਮੁੱਖਾਂ ਦੇ ਪ੍ਰਯੋਗ ਕੀਤੇ ਜਾਣ ਵਾਲੀ ਗੁਰੂ ਅਰਥ ਗੁਰਮੁਖੀ ਲਿੱਪੀ ਦੇ ਨਾਂ ਜਾਣੀ ਜਾਂਦੀ ਸੀ। ਅਣਗਹਿਲੀ ਕਰਕੇ ਕਈ ਵਿਦਵਾਨਾਂ ਨੇ ਗੁਰੂਆ ਨੂੰ ਇਸ ਲਿੱਪੀ ਦਾ ਨਿਰਮਾਤਾ ਮੰਨ ਲਿਆ ਤੇ ਅਸਲ ਵਿੱਚ ਗੁਰੂਆਂ ਤੋਂ ਬਹੁਤ ਸਮਾਂ ਪਹਿਲਾਂ ਇਹ ਲਿੱਪੀ ਵਜੂਦ ਵਿੱਚ ਆ ਚੁੱਕੀ ਸੀ।

ਸਾਰਾਂਸ਼ ਰੂਪ ਵਿੱਚ ਅਸੀਂ ਕਹਿ ਸਕਦੇ ਹਾਂ ਕਿ ਗੁਰਮੁਖੀ ਲਿੱਪੀ ਬ੍ਰਹਮੀ ਲਿੱਪੀ ਦੇ ਪਰਿਵਾਰ ਵਿੱਚੋਂ ਵਿਕਸਤ ਹੋ ਕੇ ਕਈ ਪੜਾਅ ਪਾਰ ਕਰਦੀ ਹੋਈ ਗੁਰੂ ਅਰਜਨ ਦੇਵ ਜੀ ਦੇ ਵਕਤ ਤੱਕ ਪੂਰਨ ਤਰਤੀਬ ਧਾਰ ਕੇ ਨਿੱਖਰ ਕੇ ਸਾਹਮਣੇ ਆਈ ਜੋ ਅਜੋਕੀ ਪੰਜਾਬੀ ਭਾਸ਼ਾ ਲਿਖਣ ਲਈ ਪੂਰਨ ਤੌਰ ਤੇ ਢੁਕਵੀਂ ਸੀ।